—1—

**ਪੰਜਾਬ ਸਰਕਾਰ**
**ਭਲਾਈ ਵਿਭਾਗ**
**(ਭਲਾਈ ਸੈਲ ਨਾਨ ਪਲਾਨ)**

**ਨੋਟੀਫਿਕੇਸ਼ਨ**
**ਨੰਬਰ 3/94/2016-SAC/1493**
**ਮਿਤੀ, ਚੰਡੀਗੜ੍ਹ 22 ਜੁਲਾਈ, 2016**

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ ਸਕੀਮ)

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਕੇਂਦਰੀ ਪ੍ਰਾਯੋਜਿਤ "ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ" ਸਕੀਮ ਅਧੀਨ, ਪੰਜਾਬ ਸਰਕਾਰ, ਭਲਾਈ ਵਿਭਾਗ (ਭਲਾਈ ਸੈਲ ਨਾਨ ਪਲਾਨ) ਦੇ ਪੱਤਰ ਨੰ: 3/74/07-ਐਸ.ਏ-11/2244-2249, ਮਿਤੀ 11.07.2007, ਡਾਇਰੈਕਟਰ ਭਲਾਈ ਵਿਭਾਗ ਦੇ ਪੱਤਰ ਨੰ: 31984-91 ਮਿਤੀ 22.07.2014 ਅਤੇ ਪੰਜਾਬ ਸਰਕਾਰ, ਭਲਾਈ ਵਿਭਾਗ (ਭਲਾਈ ਸੈਲ ਨਾਨ ਪਲਾਨ) ਦੇ ਪੱਤਰ ਨੰ: 954-958, ਮਿਤੀ 12.8.2015 ਵਿਚ ਸੋਧ ਕਰਦੇ ਹੋਏ, ਹੇਠ ਲਿਖੇ ਅਨੁਸਾਰ ਨੋਟੀਫਿਕੇਸ਼ਨ ਜਾਰੀ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. ਪੰਜਾਬ ਰਾਜ ਦੀਆਂ ਸਰਕਾਰੀ ਸੰਸਥਾਵਾਂ, ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ ਸਕੀਮ) ਅਧੀਨ ਯੋਗ ਵਿਦਿਆਰਥੀਆਂ ਤੋਂ *ਫੀਸਾਂ ਲਏ ਬਿਨਾਂ ਦਾਖਲਾ ਕਰਨਗੀਆਂ।
2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਮਿਤੀ 10-10-2014 ਅਨੁਸਾਰ, ਜਿਹੜੀਆਂ ਪ੍ਰਾਈਵੇਟ ਸੰਸਥਾਵਾਂ, ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆ ਤੋਂ *ਫੀਸਾਂ ਲੈਣਗੀਆਂ, ਉਹ ਸੰਸਥਾਵਾਂ ਦਾਖਲਾ ਫੀਸ ਦੀ ਰਸੀਦ ਵਿੱਚ ਬਕਾਇਦਾ ਲਿਖਤੀ ਰੂਪ ਵਿੱਚ ਅੰਡਰ-ਟੇਕਿੰਗ ਦੇਣਗੀਆਂ ਕਿ ਉਹ ਫੀਸਾਂ ਦਾ ਕਲੇਮ ਸਰਕਾਰ ਤੋਂ ਨਹੀਂ ਕਰਨਗੀਆਂ ਅਤੇ ਅਜਿਹੇ ਵਿਦਿਆਰਥੀਆਂ ਨੂੰ ਫੀਸਾਂ ਅਤੇ ਮੈਨਟੇਨੈਂਸ ਅਲਾਊਂਸ ਦੀ ਅਦਾਇਗੀ, ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਬੈਂਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭਲਾਈ ਵਿਭਾਗ ਵੱਲੋ ਕੀਤੀ ਜਾਵੇਗੀ।
3. ਪੰਜਾਬ ਰਾਜ ਦੀਆਂ ਪ੍ਰਾਈਵੇਟ ਸੰਸਥਾਵਾਂ, ਜਿਹੜੀਆਂ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਫੀਸਾਂ ਲਏ ਬਿਨ੍ਹਾਂ ਦਾਖਲਾ ਦੇਣਗੀਆਂ, ਫੀਸਾਂ ਦੀ ਪ੍ਰਤੀ ਪੂਰਤੀ ਆਪਣੇ ਲਾਗੂ ਕਰਤਾ ਵਿਭਾਗ ਰਾਹੀਂ ਭਲਾਈ ਵਿਭਾਗ ਤੋਂ ਕਰਨਗੀਆਂ। ਮੈਨਟੇਨੈਂਸ ਅਲਾਊਂਸ ਦੀ ਅਦਾਇਗੀ ਵਿਦਿਆਰਥੀਆ ਦੇ ਬੈਂਕ ਖਾਤਿਆਂ ਵਿੱਚ ਅਤੇ ਫੀਸਾਂ, ਸੰਸਥਾਵਾਂ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਬੈਂਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭਲਾਈ ਵਿਭਾਗ ਵੱਲੋ ਕੀਤੀ ਜਾਵੇਗੀ।

4. ਬਿਨ੍ਹਾਂ ਫੀਸ ਲਏ ਜਿਹੜੀਆਂ private ਸੰਸਥਾਵਾਂ/private ਯੂਨੀਵਰਸਿਟੀਆਂ, ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦਾ ਦਾਖਲਾ ਕਰਨਗੀਆਂ ਅਤੇ ਰਾਜ ਸਰਕਾਰ ਤੋਂ ਪ੍ਰਤੀਪੂਰਤੀ ਲੈਣ ਦੀਆਂ ਇੱਛੁਕ ਹੋਣਗੀਆਂ, ਉਹਨਾਂ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਤੋਂ ਫੀਸ ਨਾ ਲੈਣ ਦੇ ਬਾਰੇ, ਸਟੈਂਪ ਪੇਪਰ ਤੇ ਹਰ ਸਾਲ, 30th August ਤੱਕ ਹੇਠ ਲਿੱਖੀ ਅੰਡਰਟੇਕਿੰਗ, ਲਾਗੂਕਰਤਾ ਵਿਭਾਗ ਰਾਹੀਂ, ਭਲਾਈ ਵਿਭਾਗ ਨੂੰ ਦਿੱਤੀ ਜਾਵੇਗੀ ਕਿ:-

a. ਸੰਸੱਥਾ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਤੋਂ, ਦਾਖਲਿਆਂ ਸਮੇਂ ਫੀਸਾਂ ਨਾ ਚਾਰਜ ਕਰਨ ਦੇ ਬਾਰੇ, ਪ੍ਰਾਸਪੈਕਟਸ ਵਿੱਚ ਦਰਜ ਕੀਤਾ ਗਿਆ ਹੈ;

b. ਆਪਣੇ ਏਰੀਆ ਵਿੱਚ ਵੱਧ ਤੋਂ ਵੱਧ ਪਬਲੀਸਿਟੀ ਕੀਤੀ ਗਈ ਹੈ ਅਤੇ ਨੋਟਿਸ ਬੋਰਡ ਤੇ ਇਸ ਬਾਰੇ ਲਿੱਖਿਆ ਗਿਆ ਹੈ;

c. ਸਰਕਾਰੀ ਸੰਸਥਾਵਾਂ/ਸਰਕਾਰੀ ਯੂਨੀਵਰਸਿਟੀਆਂ ਵਲੋਂ, ਘੱਟੋ ਘੱਟ ਨਿਸ਼ਚਿਤ ਕੀਤੀ ਗਈ ਫੀਸ (lowest applicable fees, of Govt. Institutions/Govt. Universities, for each course) ਤੋਂ ਵੱਧ ਫੀਸ ਕਲੇਮ ਨਹੀਂ ਕਰਨਗੇ;

ਸੰਸਥਾਵਾ, ਜੇਕਰ ਸਮੇਂ ਸਿਰ ਉਪਰੋਕਤ ਅਨੁਸਾਰ ਅੰਡਰਟੇਕਿੰਗ ਨਹੀਂ ਦੇਣਗੀਆਂ ਤਾਂ ਉਨ੍ਹਾਂ ਨੂੰ ਸਕੀਮ ਅਧੀਨ **reimbursement** ਲਈ ਨਹੀ ਵਿਚਾਰਿਆ ਜਾਵੇਗਾ।

ਉਪਰੋਕਤ ਤੋਂ ਇਲਾਵਾ, ਵਿਦਿਆਰਥੀਆਂ ਦੇ ਦਾਖਲੇ ਤੋਂ ਇੱਕ ਹਫਤੇ ਪਹਿਲਾ/ਦਾਖਲੇ ਦੇ ਸਮੇਂ, ਆਪਣੇ ਲਾਗੂ ਕਰਤਾ ਵਿਭਾਗ ਰਾਹੀਂ, ਡਾਇਰੈਕਟਰ ਭਲਾਈ ਨੂੰ ਇਹ ਸੂਚਿਤ ਕਰਨਾ ਜਰੂਰੀ ਹੋਵੇਗਾ ਕਿ, "ਸੰਸਥਾ ਬਿਨ੍ਹਾਂ ਫੀਸ ਲਏ ਐਸ.ਸੀ. ਵਿਦਿਆਰਥੀਆਂ ਦਾ ਦਾਖਲਾ ਕਰ ਰਹੀ ਹੈ ਅਤੇ ਰਿਫੰਡੇਬਲ ਫੀਸ ਤੋ ਇਲਾਵਾ, ਉਨ੍ਹਾਂ ਤੋ ਹੋਰ ਕਿਸੇ ਤਰ੍ਹਾਂ ਦੀ ਰਕਮ ਨਹੀਂ ਵਸੂਲੀ ਜਾ ਰਹੀ ਹੈ"।

5. ਕੋਰਸ ਦੀ ਪੜ੍ਹਾਈ ਪੂਰੀ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੀਮ ਅਧੀਨ ਸਕਾਲਰਸ਼ਿਪ (maintenance allowance + fees) ਨਹੀਂ ਦਿੱਤਾ ਜਾਵੇਗਾ। ਕੋਰਸ ਅਧੂਰਾ ਛੱਡਣ ਵਾਲੇ ਵਿਦਿਆਰਥੀ ਨੂੰ, ਜੇਕਰ ਸਕਾਲਰਸ਼ਿਪ ਦੀ ਰਾਸ਼ੀ reimburse ਕਰ ਦਿਤੀ ਗਈ ਹੈ, ਤਾਂ ਵਿਦਿਆਰਥੀ ਪਾਸੋਂ ਵਸੂਲ ਕੀਤੀ ਜਾਵੇਗੀ ਅਤੇ ਜੇਕਰ ਸੰਸਥਾ ਨੂੰ ਫੀਸ reimburse ਕਰ ਦਿੱਤੀ ਗਈ ਹੈ ਤਾਂ ਸੰਸਥਾ ਪਾਸੋਂ ਵਸੂਲ ਕੀਤੀ ਜਾਵੇਗੀ।

6. ਸੰਸਥਾਵਾਂ/ਨੋਡਲ ਅਫਸਰ/ਲਾਗੂਕਰਤਾ ਵਿਭਾਗ, ਸਕੀਮ ਤਹਿਤ ਕਲੇਮ ਭੇਜਣ ਲਈ ਜ਼ਿੰਮੇਵਾਰ ਹੋਣਗੇ।

7. ਬਿਨਾਂ ਫੀਸ ਲਏ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਵਾਲੀਆਂ ਸੰਸਥਾਵਾਂ (Government/private) ਨੂੰ ਫੀਸਾਂ ਦੀ ਪ੍ਰਤੀ-ਪੂਰਤੀ, ਭਾਰਤ ਸਰਕਾਰ ਤੋਂ ਪੋਸਟ

ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ) ਸਕੀਮ ਤਹਿਤ ਫੰਡਜ਼ ਪ੍ਰਾਪਤ ਹੋਣ ਤੇ ਹੀ ਕੀਤੀ ਜਾਵੇਗੀ।

8. ਸਕੀਮ ਤਹਿਤ ਲਾਭ ਲੈਣ ਵਾਲੇ ਵਿਦਿਆਰਥੀਆਂ ਲਈ ਘੱਟੋ ਘੱਟ 75% ਹਾਜ਼ਰੀ ਸਮੈਸਟਰ/ਸਾਲਾਨਾ ਜ਼ਰੂਰੀ ਹੋਵੇਗੀ।

9. ਸਮੂਹ ਸੰਸਥਾਵਾਂ/ਯੂਨਿਵਰਸਿਟੀਆਂ (ਸਰਕਾਰੀ/ਪ੍ਰਾਈਵੇਟ) ਵੱਲੋਂ ਵਿਦਿਆਰਥੀਆਂ ਦੀ ਹਾਜ਼ਰੀ ਸਬੰਧੀ ਤਿਮਾਹੀ ਰਿਪੋਰਟ ਸਬੰਧਤ ਜ਼ਿਲ੍ਹਾ ਭਲਾਈ ਅਫਸਰ ਨੂੰ ਸਬਮਿੱਟ ਕੀਤੀ ਜਾਵੇਗੀ।

10. ਸਕੀਮ ਅਧੀਨ, ਕੇਵਲ ਭਲਾਈ ਵਿਭਾਗ ਵੱਲੋਂ ਤਿਆਰ ਕੀਤੇ ਪੋਰਟਲ ਤੇ ਪ੍ਰਾਪਤ ਆਨ ਲਾਈਨ ਦਰਖਾਸਤਾਂ ਹੀ ਵਿਚਾਰੀਆਂ ਜਾਣਗੀਆਂ, ਮੈਨੂਅਲ ਜਾਂ ਦੇਰੀ ਨਾਲ ਪ੍ਰਾਪਤ ਹੋਈਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

11. ਬਾਹਰਲੇ ਰਾਜਾਂ ਵਿੱਚ ਪੜ੍ਹਣ ਵਾਲੇ, ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਦੇ ਯੋਗ ਵਿਦਿਆਰਥੀ ਸਕਾਲਰਸ਼ਿਪ ਲਈ ਭਲਾਈ ਵਿਭਾਗ (ਡਾਇਰੈਕਟਰ ਭਲਾਈ, ਪੰਜਾਬ ) ਨੂੰ, ਸਿੱਧਾ ਹੀ ਨਿਸ਼ਚਿਤ ਮਿਤੀ ਤੱਕ, ਮੈਨੂਅਲੀ/ਡਾਕ ਰਾਹੀ (ਜਿੰਨੀ ਦੇਰ ਤੱਕ ਪੋਰਟਲ ਵਿੱਚ ਆਨ ਲਾਈਨ ਪ੍ਰੋਵੀਜ਼ਨ ਨਹੀਂ ਹੋ ਜਾਂਦਾ) ਅਪਲਾਈ ਕਰਨਗੇ ।

12. ਉਕਤ ਨੋਟੀਫਿਕੇਸ਼ਨ ਵਿਦਿਅਕ ਸੈਸ਼ਨ 2016-17 ਤੋਂ ਲਾਗੂ ਕੀਤੀ ਜਾਂਦੀ ਹੈ।

*Fees means, charges such as, *admission, registration, examination, tuition, games, union, library, magazine, medical examination etc.* (ਇਹ ਸਾਰੀ ਫੀਸ ਸਰਕਾਰ ਵਲੋਂ, ਪ੍ਰਾਈਵੇਟ/ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ ਨੂੰ ਸਿਧੇ ਉਨ੍ਹਾਂ ਦੇ ਖਾਤੇ ਵਿੱਚ reimburse/ਦਿੱਤੀ ਜਾਂਦੀ ਹੈ)।

It will not include caution money, security deposit, which are refundable in nature. (ਇਹ ਸਾਰੀ ਫੀਸ ਸਰਕਾਰ ਵਲੋਂ, ਪ੍ਰਾਈਵੇਟ/ਸਰਕਾਰੀ ਸੰਸਥਾਵਾਂ/ਯੂਨੀਵਰਸਿਟੀਆਂ ਨੂੰ, reimburse ਨਹੀਂ ਕੀਤੀ ਜਾਂਦੀ ਹੈ, ਕਿਉਂਜੋ ਇਹ ਵਿਦਿਆਰਥੀਆਂ ਨੂੰ ਕੋਰਸ ਪੂਰਾ ਕਰਨ ਤੇ, ਸੰਸਥਾ/ਯੂਨੀਵਰਸਿਟੀ ਵਲੋ ਵਾਪਿਸ ਕਰ ਦਿੱਤੀ ਜਾਂਦੀ ਹੈ)।

ਕਿਰਪਾ ਸ਼ੰਕਰ ਸਰੋਜ, ਆਈ.ਏ.ਐਸ. 22/7/2016
ਸਕੱਤਰ ਪੰਜਾਬ ਸਰਕਾਰ,
ਭਲਾਈ ਵਿਭਾਗ, ਚੰਡੀਗੜ੍ਹ।

ਮਿਤੀ, ਚੰਡੀਗੜ੍ਹ

ਪਿੱਠ-ਅੰਕਣ ਨੰਬਰ 3/94/2016-SAI/1495-1506 ਮਿਤੀ, ਚੰਡੀਗੜ੍ਹ 22-7-2016

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਮੁੱਖ ਸਕੱਤਰ, ਖੇਤੀਬਾੜੀ, ਪੰਜਾਬ, ਚੰਡੀਗੜ੍ਹ;
2. ਵਧੀਕ ਮੁੱਖ ਸਕੱਤਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ;
3. ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ, ਪੰਜਾਬ, ਚੰਡੀਗੜ੍ਹ;
4. ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ;
5. ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
6. ਸਕੱਤਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ;
7. ਡਾਇਰੈਕਟਰ, ਖੇਤੀਬਾੜੀ, ਪੰਜਾਬ, ਐਸ.ਏ.ਐਸ.ਨਗਰ;
8. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ;
9. ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਚੰਡੀਗੜ੍ਹ;
10. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ, ਐਸ.ਏ.ਐਸ.ਨਗਰ;
11. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
12. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ;
13. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਡ.ਡ.ਸਿ. ਅਤੇ ਉ.ਸਿ.
ਬ.ਡ. (
ਬ.ਡ. (ਉ.ਸਿ.)
ਸੈ.ਡ. (ਉ.ਸਿ.)
ਨੰਬਰ ...... 2645
ਮਿਤੀ ...... 26.7.2016

ਸਕੱਤਰ ਭਲਾਈ
22/7/2016

(sch)
28/7/16

ਪੀ.ਏ./ਡੀ.ਟੀ.ਈ.
ਡਾਇਰੀ ਨੰ. 2817
ਮਿਤੀ 28-07-2016

-5-

ਵੱਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿੱਚ

ਸਮੂਹ ਸੈਕਸ਼ਨਿੰਗ ਅਥਾਰਟੀਆਂ
ਰਜਿਸਟਰਾਰ (ਸੈਕਸ਼ਨਿੰਗ ਅਥਾਰਟੀਜ਼)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ
2. ਡਾ: ਬੀ ਆਰ ਅੰਬੇਦਕਰ ਨੈਸ਼ਨਲ ਇਸ : ਆਫ ਟੈਕ : ਜਲੰਧਰ
3. ਇੰਡੀਅਨ ਇੰਸ : ਆਫ ਟੈਕ : ਰੋਪੜ
4. ਸੰਤ ਲੋਗੋਂਵਾਲ ਇੰਸ ਆਫ ਇੰਜੀ : ਅਤੇ ਟੈਕ : ਸੰਗਰੂਰ
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ
6. ਥਾਪਰ ਯੂਨੀਵਰਸਿਟੀ ਪਟਿਆਲਾ ।
7. ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।

8-22 ਪ੍ਰਿੰਸੀਪਲ
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ,ਬਹਿਰਾਮ, ਬੇਗੋਵਾਲ , ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਣਵਾਂ, ਖੂਨੀ ਮਾਜਰਾ, ਕੋਟਕਪੂਰਾ ਫਿਰੋਜ਼ਪੁਰ , ਬਡਬਰ।

23-28 ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ, ਜਲੰਧਰ, ਦੀਨਾਨਗਰ , ਪਟਿਆਲਾ ਲੁਧਿਆਣਾ ਅਤੇ ਰੋਪੜ ।

29 ਪ੍ਰਿੰਸੀਪਲ ਗੌਰਮਿੰਟ ਇੰਸ : ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ : ਲੁਧਿਆਣਾ ।

ਮੀਮੋ ਨੰ: 1145-73/1ਟੀ.ਈ./ਸਕਾਲਰਸ਼ਿਪ/ ਮਿਤੀ: 29/7/16

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਯੋਜਿਤ ਸਕੀਮ)

ਇਸ ਪੱਤਰ ਨਾਲ ਪੰਜਾਬ ਸਰਕਾਰ ਭਲਾਈ ਵਿਭਾਗ, ਪੰਜਾਬ (ਭਲਾਈ ਸੈੱਲ ਨਾਨ ਪਲਾਨ) ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ: 3/94/2016-SA1/1493 ਮਿਤੀ 22-07-2016 ਦੀ ਕਾਪੀ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਨੋਟੀਫਿਕੇਸ਼ਨ ਵਿੱਚ ਦਰਸਾਏ ਨੁਕਤਿਆਂ ਅਨੁਸਾਰ ਆਪ ਦੀ ਸੰਸਥਾ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਵਿੱਚ ਇੰਨ ਬਿੰਨ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ : ਉਪਰੋਕਤ ਅਨੁਸਾਰ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: 1 ਟੀ.ਈ./ਸਕਾਲਰਸ਼ਿਪ/ ਮਿਤੀ :

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-129, ਸੈਕਟਰ-34ਏ ਚੰਡੀਗੜ੍ਹ ਨੂੰ ਉਨ੍ਹਾਂ ਦੇ ਵਿਭਾਗ ਦੇ ਪਿੱਠ ਅੰਕਣ ਨੰ: 3/94/2016-SA1/1494-1506 ਮਿਤੀ 22-07-2016 ਦੇ ਹਵਾਲੇ ਵਿੱਚ।

2. ਸਕੱਤਰ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

3.-4. ਡਿਪਟੀ ਡਾਇਰੈਕਟਰ (ਕੰਡਕਟ) ਅਤੇ ਡਿਪਟੀ ਡਾਇਰੈਕਟਰ (ਇੰਜ: ਕਾਲਜ ਸੈੱਲ), ਮੁੱਖ ਦਫ਼ਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

-6-

Subject: Letter regarding Notification of PMS to SC Students for session 2016-17.

From: Scholarship Branch DTE (dtescholarship@yahoo.com)

To: principal_gpcbti@yahoo.com; principalranwa@yahoo.com; gpcfzr.ln@gmail.com; principalgpcgdinanagar@yahoo.co.in; principalgpbatala@ymail.com; ptirgph@gmail.com; gpcgjal@yahoo.com; gpbegowal@yahoo.in; principalgpcgldh@yahoo.com; principal.bareta@gmail.com gtbgarh.principal@gmail.com; principalgpcgpta@gmail.com; gpcgropar@gmail.com; principalfatuhi@gmail.com; principal_gpb@yahoo.com; registrar@thapar.edu; principal.gpcbadbar@gmail.com; principalgpamritsar@yahoo.com; gpgasr@rediffmail.com; registrar@ptu.ac.in; principalgitcktludhiana@yahoo.com; scholarshipgpckm@gmail.com; registrar@iitrpr.ac.in; registrar@niper.ac.in; gpcbehram@gmail.com; registrar@sliet.ac.in; registrar@nitj.ac.in; principalkot@gmail.com; sapms@mrsstu.ac.in;

Date: Friday, 29 July 2016 3:36 PM

Sir/Madam

Pls see the attached letter along with notification of Department of Welfare, Punjab regardi PMS for SC students for your information and n/a.

Regards

Scholarship Branch
DTE, Pb. Chd.

**Attachments**

- Notificqtion.pdf (355.13 KB)